# PAPER-III
# PUNJABI

**Signature and Name of Invigilator**

1. (Signature) ____________________________
   (Name) ____________________________
2. (Signature) ____________________________
   (Name) ____________________________

| J | 2 | 4 | 1 | 3 |
|---|---|---|---|---|

OMR Sheet No. : .............................................
(To be filled by the Candidate)

Roll No. | | | | | | | | |
(In figures as per admission card)

Roll No.____________________________________
(In words)

Time : **$2\frac{1}{2}$** hours]  [Maximum Marks : **150**

Number of Pages in this Booklet : **12**  Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal / polythene bag on the booklet. Do not accept a booklet without sticker-seal / without polythene bag and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** (A) (B) ● (D)
   where (C) is the correct response.
5. Your responses to the items are to be indicated in the **OMR Sheet given inside the Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील / पोलिथीन बैग को फाड़ लें । खुली हुई या बिना स्टीकर-सील / बिना पोलिथीन बैग की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण** : (A) (B) ● (D) जबकि (C) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई अंक काटे नहीं जाएँगे ।**

**PUNJABI**
**ਪੰਜਾਬੀ**

**Paper-III**
**ਪ੍ਰਸ਼ਨ ਪੱਤਰ-III**

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਮਲਟੀਪਲ ਚੋਣ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਕਰਨੇ ਜ਼ਰੂਰੀ ਹਨ ।

**1.** ਭਾਸ਼ਾ-ਵਿਗਿਆਨ ਦੇ ਕਿਸ ਸੰਕਲਪ ਨਾਲ ਇਤਿਹਾਸਕ ਪਰਿਵਰਤਨ ਦਾ ਸੰਬੰਧ ਹੈ :

(A) ਇਕਾਲਿਕ

(B) ਦੁਕਾਲਿਕ

(C) ਕੜੀਦਾਰ

(D) ਲੜੀਦਾਰ

**2.** ਭਾਸ਼ਾ ਦੀ ਉਤਪੱਤੀ ਦਾ ਆਧਾਰ ਹੈ :

(A) ਮਨੁੱਖੀ ਆਵਿਸ਼ਕਾਰ

(B) ਰੱਬੀ ਦਾਤ

(C) ਸਮਾਜ-ਸਭਿਆਚਾਰਕ ਪਰਿਪੇਖ

(D) ਮਨੁੱਖੀ ਵਿਕਾਸ ਦਾ ਸਿੱਟਾ

**3.** 'ਧੁਨੀਗ੍ਰਾਮ ਦੇ ਆਧਾਰ' ਤੇ ਪੰਜਾਬੀ ਸਵਰਾਂ ਦੀ ਵਾਸਤਵਿਕ ਗਿਣਤੀ ਹੈ :

(A) 3 (B) 10

(C) 22 (D) 12

**4.** ਅਘੋਸ਼ ਮਹਾਂਪ੍ਰਾਣ ਅਤੇ ਸਘੋਸ਼ ਅਲਪਪ੍ਰਾਣ ਧੁਨੀਆਂ ਦਾ ਸਮੂਹ ਹੈ :

(A) /ਗ/ /ਜ/ /ਦ/ /ਬ/

(B) /ਖ/ /ਡ/ /ਥ/ /ਫ/

(C) /ਕ/ /ਚ/ /ਤ/ /ਪ/

(D) /ਛ/ /ਖ/ /ਜ/ /ਬ/

**5.** 'ਆਈਸੋਗਲੋਸਿਜ਼' ਸੰਕਲਪ ਦਾ ਸੰਬੰਧ ਕਿਸ ਨਾਲ ਹੈ :

(A) ਇਤਿਹਾਸਕ ਭਾਸ਼ਾ-ਵਿਗਿਆਨ

(B) ਤੁਲਨਾਤਮਕ ਭਾਸ਼ਾ-ਵਿਗਿਆਨ

(C) ਪਾਠ ਭਾਸ਼ਾ-ਵਿਗਿਆਨ

(D) ਉਪਭਾਸ਼ਾ-ਵਿਗਿਆਨ

**6.** ਪੰਜਾਬੀ ਦੀ ਕਿਰਿਆ ਅਤੇ ਕਿਰਆ ਵਾਕੰਸ਼ ਉਪਰ ਮਿਆਰੀ ਖੋਜ-ਕਾਰਜ ਕਿਸਦਾ ਹੈ :

(A) ਹਰਕੀਰਤ ਸਿੰਘ

(B) ਐਸ.ਐਸ. ਜੋਸ਼ੀ

(C) ਜੁਗਿੰਦਰ ਸਿੰਘ ਪੁਆਰ

(D) ਹਰਜੀਤ ਸਿੰਗ ਗਿੱਲ

**7.** **(A) ਕਥਨ :** ਇਕ ਭਾਸ਼ਾ-ਪਰਿਵਾਰ ਦੀ ਵਣਤਰ ਦਾ ਵਰਤਾਰਾ ਦੁਜੇ ਭਾਸ਼ਾ ਪਰਿਵਾਰ ਦੀ ਭਾਸ਼ਾ ਨਾਲ ਮੇਲ ਖਾ ਸਕਦਾ ਹੈ ।

**(R) ਕਾਰਨ :** ਕਿਉਂਕਿ ਭਾਸ਼ਾ-ਪਰਿਵਾਰ ਦਾ ਸੰਬੰਧ ਭਾਸ਼ਾ ਦੀ ਜਨਨਿਕਤਾ ਨਾਲ ਹੈ ਅਤੇ ਭਾਸ਼ਾ ਪ੍ਰਕਾਰ ਦਾ ਸੰਬੰਧ ਭਾਸ਼ਾ ਦੀ ਬਣਤਰ ਨਾਲ । ਇਸ ਲਈ ਭਾਸ਼ਾ-ਪਰਿਵਾਰ ਦੇ ਪੱਖ ਤੋਂ ਵੱਖਰੀਆਂ ਭਾਸ਼ਾਵਾਂ ਦੀਆਂ ਵਣਤਰਾਂ ਦੀ ਆਪਸੀ ਸਾਂਝ ਹੋ ਸਕਦੀ ਹੈ ।

(A) (A) ਸਹੀ ਹੈ ਤੇ (R) ਗਲਤ ਹੈ

(B) (A) ਗਲਤ ਹੈ ਤੇ (R) ਸਹੀ ਹੈ

(C) (A) ਅਤੇ (R) ਦੋਵੇਂ ਸਹੀ ਹਨ

(D) (A) ਸਹੀ ਹੈ ਤੇ (R) ਅਾਂਸ਼ਿਕ ਸਹੀ ਹੈ

**8.** ਹੈਲੀਡੇ ਤੇ ਹਸਨ ਅਨੁਸਾਰ ਕਿਹੜਾ ਕਥਨ ਸਹੀ ਨਹੀਂ ਹੈ :

(A) ਹਰ ਪਾਠ ਦੀ ਆਪਣੀ ਇਕ ਰੂਪ-ਸੰਗਰਚਨਾ ਹੁੰਦੀ ਹੈ

(B) ਹਰ ਪਾਠ ਦਾ ਆਪਣਾ ਰੂਪ ਤੇ ਭਾਵ-ਗਠਨ ਹੁੰਦਾ ਹੈ

(C) ਹਰ ਪਾਠ ਦਾ ਆਪਣਾ ਇਕ ਪ੍ਰਯੋਜਨ ਹੁੰਦਾ ਹੈ

(D) ਹਰ ਪਾਠ ਦੀ ਬਣਤਰ ਆਪਹੁਦਰੀ ਹੁੰਦੀ ਹੈ

**9.** ਕਿਹੜਾ ਸਹੀ ਨਹੀਂ ਹੈ :

(A) ਵਿਉਂਤਪੱਤ ਵਧੇਤਰ ਧਾਤੂ ਦੇ ਅੱਗੇ ਲਗਦੇ ਹਨ

(B) ਵਿਉਂਤਪੱਤ ਵਧੇਤਰ ਰੂਪਾਂਤਰੀ ਪਿਛੇਤਰ ਤੋਂ ਪਿਛੋਂ ਵਿਚਰਦੇ ਹਨ

(C) ਵਿਉਂਤਪੱਤ ਵਧੇਤਰ ਸ਼੍ਰੇਣੀ-ਬਦਲੂ ਨਹੀਂ ਹੁੰਦੇ

(D) ਵਿਉਂਤਪੱਤ ਵਧੇਤਰ ਸ਼੍ਰੇਣੀ ਰੱਖਿਅਕ ਹੀ ਹੁੰਦੇ ਹਨ

**10.** 'ਅਕਰਮਕ ਕਿਰਿਆ' ਵਾਲਾ ਵਾਕ ਕਿਹੜਾ ਹੈ :

(A) ਅਧਿਆਪਕ ਅਖ਼ਬਾਰ ਪੜ੍ਹਦਾ ਹੈ ।

(B) ਮਹਿੰਦਰ ਰੋਟੀ ਖਾਂਦਾ ਹੈ ।

(C) ਕਮਲੇਸ਼ ਲੰਬੀ ਛਾਲ ਲਾਉਂਦੀ ਹੈ ।

(D) ਬਾਜ਼ ਬਹੁਤ ਉਚਾਈ ਤੱਕ ਉੱਡਦਾ ਹੈ ।

**11.** ਸਾਂਝੀ ਦੀ ਕਥਾ-ਵਾਰਤਾ ਵਿਚ ਕਾਰਜਸ਼ੀਲ ਭਾਵ-ਪ੍ਰਬੰਧ ਹੈ :

(A) ਸਭਿਆਚਾਰਕ ਇਤਿਹਾਸ ਤੇ ਲੋਕ-ਧੰਦੇ

(B) ਸਭਿਆਚਾਰਕ ਇਤਿਹਾਸ ਤੇ ਲੋਕ-ਪੂਜਾ

(C) ਸਭਿਆਚਾਰਕ ਇਤਿਹਾਸ ਤੇ ਵਿਸ਼ਵਾਸ

(D) ਸਭਿਆਚਾਰਕ ਇਤਿਹਾਸ ਤੇ ਸਮੂਹਿਕ ਚੇਤਨਾ

**12.** 'ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ ।' ਲੋਕਗੀਤ ਦਾ ਸੰਬੰਧ ਹੈ :

(A) ਸੰਸਕਾਰ ਨਾਲ (B) ਤਿਉਹਾਰ ਨਾਲ

(C) ਮੇਲੇ ਨਾਲ (D) ਰਸਮ ਨਾਲ

**13.** ਦੰਤ ਕਥਾ ਦਾ ਆਧਾਰ ਹੈ

(A) ਇਤਿਹਾਸਕ ਨਾਇਕ ਤੇ ਧਾਰਮਿਕ ਭੂਮਿਕਾ

(B) ਧਾਰਮਿਕ ਨਾਇਕ ਤੇ ਸਮਾਜਿਕ ਭੂਮਿਕਾ

(C) ਇਤਿਹਾਸਕ ਨਾਇਕ ਤੇ ਕਰਾਮਾਤੀ ਭੂਮਿਕਾ

(D) ਧਾਰਮਿਕ ਨਾਇਕ ਤੇ ਪਰਾਸਰੀਰਕ ਭੂਮਿਕਾ

**14.** **(A) ਕਥਨ :** ਲੋਕਗੀਤ ਸਦਾ ਸਾਹਿਤ ਦੀ ਅਗਵਾਈ ਕਰਦੇ ਰਹੇ ਹਨ । ਕਿਸੇ ਵੀ ਸਮੇਂ ਦੀ ਪੁਰਾਣੀ ਅਮਰ ਕਵਿਤਾ ਲੈ ਲਉ ਉਸ ਵਿਚ ਲੋਕਗੀਤਾਂ ਦੀ ਅਮਰ ਸੰਜੀਵਨੀ ਦਾ ਰਸ ਜ਼ਰੂਰ ਮਿਲੇਗਾ ।

**(R) ਕਾਰਨ :** ਏਸੇ ਲਈ ਅਗਰ ਸਾਹਿਤ ਦੀ ਸਿਰਜਣਾ ਲੋਕ ਪੱਧਰ ਉਤੇ ਆਏ ਬਿਨਾਂ ਕਰਨੀ ਅਸੰਭਵ ਹੈ ।

(A) (A) ਆਂਸ਼ਿਕ ਸਹੀ ਹੈ (R) ਸਹੀ ਹੈ ।

(B) (A) ਤੇ (R) ਦੋਵੇਂ ਸਹੀ ਹਨ ।

(C) (A) ਤੇ (R) ਦੋਵੇਂ ਗਲਤ ਹਨ ।

(D) (A) ਸਹੀ ਹੈ (R) ਆਂਸ਼ਿਕ ਸਹੀ ਹੈ ।

**15.** ਕਿਹੜਾ ਕਥਨ ਸਹੀ ਹੈ :

(ੳ) ਪੰਜਾਬੀ ਸਭਿਆਚਾਰ ਵਿਸ਼ੇਸ਼ ਭੂ-ਖੰਡ ਵਿਚ ਵਸਦੀ ਲੋਕਾਈ ਦੀ ਜੀਵਨ ਜਾਚ ਤੇ ਕਦਰਾਂ-ਕੀਮਤਾਂ ਹਨ ।

(ਅ) ਇਨ੍ਹਾਂ ਸਥਾਨਕ ਵੱਖਰਤਾਵਾਂ ਤੋਂ ਹੀ ਸਭਿਆ ਚਾਰੀਕਰਨ ਦਾ ਸਿਧਾਂਤ ਵਿਕਸਿਤ ਹੁੰਦਾ ਹੈ ।

(A) (ੳ) ਠੀਕ ਹੈ ਤੇ (ਅ) ਗਲਤ ਹੈ

(B) (ੳ) ਆਂਸ਼ਿਕ ਠੀਕ ਹੈ ਤੇ (ਅ) ਠੀਕ ਹੈ

(C) (ੳ) ਅਤੇ (ਅ) ਦੋਵੇਂ ਠੀਕ ਹਨ

(D) (ੳ) ਅਤੇ (ਅ) ਦੋਵੇਂ ਗਲਤ ਹਨ

**16.** ਸਹੀ ਕ੍ਰਮ ਦੱਸੋ :

| | **ਸੂਚੀ-I** | | **ਸੂਚੀ-II** |
|---|---|---|---|
| a. | ਪੰਜਾਬੀ ਲੋਕ ਸਾਹਿਤ ਵਿਚ ਸੈਨਿਕ | 1. | ਮਹਿੰਦਰ ਕੋਰ ਗਿੱਲ |
| b. | ਆਦਿ ਗ੍ਰੰਥ ਲੋਕ-ਰੂਪ | 2. | ਵਣਜਾਰਾ ਬੇਦੀ |
| c. | ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ | 3. | ਦੇਵਿੰਦਰ ਸਤਿਆਰਥੀ |
| d. | ਪੰਜਾਬ ਦਾ ਲੋਕ ਸਾਹਿਤ | 4. | ਕਰਨੈਲ ਸਿੰਘ ਥਿੰਦ |

| | a | b | c | d |
|---|---|---|---|---|
| (A) | 3 | 4 | 2 | 1 |
| (B) | 3 | 1 | 4 | 2 |
| (C) | 4 | 1 | 3 | 2 |
| (D) | 1 | 4 | 2 | 3 |

**17.** "ਲੋਕਧਾਰਾ ਮੂਲ ਰੂਪ ਵਿਚ ਲੋਕ ਸੰਸਕ੍ਰਿਤੀ ਦਾ ਹੀ ਭਾਵਕ ਤੇ ਬੌਧਿਕ ਪ੍ਰਪੰਚ ਹੈ । ਲੋਕ ਸੰਸਕ੍ਰਿਤੀ ਦੀ ਯਾਤਰਾ ਸਦਾ ਪਰੰਪਰਾਮੁਖ ਰਹੀ ਹੈ ਅਤੇ ਇਸ ਯਾਤਰਾ ਦਾ ਸਾਰਾ ਆਡੰਬਰ ਲੋਕਧਾਰਾ ਦਾ ਹੀ ਪਸਾਰਾ ਹੈ ।"

ਉਕਤ ਕਥਨ ਕਿਸਦਾ ਹੈ :

(A) ਭੁਪਿੰਦਰ ਸਿੰਘ ਖਹਿਰਾ

(B) ਨਾਹਰ ਸਿੰਘ

(C) ਵਣਜਾਰਾ ਬੇਦੀ

(D) ਕਰਨੈਲ ਸਿੰਘ ਥਿੰਦ

**18.** 'ਸੂਫ਼ੀਬਾਦੀ ਮੰਡਲ ਵਿਚ ਇਹ ਮੰਨਿਆ ਜਾਂਦਾ ਹੈ ਕਿ ਗ੍ਰਿਹ ਨੱਛਤਰ ਆਦਿ ਕਿਸੇ ਨਾ ਕਿਸੇ ਰੂਪ ਵਿਚ ਜਿਹੜੇ ਹਰਕਤ ਕਰਦੇ ਹਨ, ਉਹ ਭਾਵੇਂ ਬੜੀ ਤੀਬਰ ਹੈ, ਫਿਰ ਵੀ ਉਹ ਇਲਾਹੀ ਮੰਜ਼ਿਲ ਵੱਲ ਹੀ ਚਲ ਰਹੇ ਹਨ । ' ਕਥਨ ਕਿਸਦਾ ਹੈ :

(A) ਸਾਧੂ ਰਾਮ ਸ਼ਾਰਦਾ

(B) ਗੁਲਵੰਤ ਸਿੰਘ

(C) ਦੀਵਾਨ ਸਿੰਘ

(D) ਜੀਤ ਸਿੰਘ ਸੀਤਲ

**19.** ਬਾਬਾ ਫ਼ਰੀਦ, ਸ਼ਾਹ ਹੁਸੈਨ ਤੇ ਸੁਲਤਾਨ ਬਾਹੂ ਕ੍ਰਮਵਾਰ ਕਿਸ ਸੂਫੀ ਸੰਪ੍ਰਦਾ ਨਾਲ ਸੰਬੰਧਤ ਹਨ :

(A) ਚਿਸ਼ਤੀ, ਕਾਦਰੀ ਤੇ ਸੁਹਰਾਵਰਦੀ

(B) ਚਿਸ਼ਤੀ, ਨਕਸ਼ਬੰਦੀ ਤੇ ਮਲਾਮਤੀ

(C) ਚਿਸ਼ਤੀ, ਮਲਾਮਤੀ ਤੇ ਕਾਦਰੀ

(D) ਚਿਸ਼ਤੀ, ਸੁਹਰਾਵਰਦੀ ਤੇ ਨਕਸ਼ਬੰਦੀ

**20.** ਬਾਬਾ ਫ਼ਰੀਦ ਨੂੰ ਪਹਿਲੇ ਪੜਾਅ ਦਾ ਸੂਫ਼ੀ ਕਵੀ ਕਿਸਨੇ ਕਿਹਾ ਹੈ :

(A) ਕਾਲਾ ਸਿੰਘ ਬੇਦੀ

(B) ਦੀਵਾਨ ਸਿੰਘ

(C) ਪ੍ਰੀਤਮ ਸਿੰਘ

(D) ਗੁਲਵੰਤ ਸਿੰਘ

**21.** 'ਸੇਖ ਹਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥'
ਸ਼ਲੋਕ ਵਿਚ ਬਾਬਾ ਫ਼ਰੀਦ ਦਾ ਧਰਮਸ਼ਾਸਤਰੀ ਮੁੱਦਾ ਹੈ :

(A) ਪਾਰਲੌਕਿਕ ਹਸਤੀ ਦੀ ਵਿਸ਼ਾਲਤਾ

(B) ਮਨੁੱਖੀ ਜਵਨ ਦੀ ਵਿਡੰਬਨਾ

(C) ਜੀਵਨ ਦੀ ਸੀਮਾ-ਵੱਧਤਾ

(D) ਉਪਰੋਕਤ ਵਿਚੋਂ ਕੋਈ ਵੀ ਨਹੀਂ

**22.** ਸਾਹ ਹੁਸੈਨ ਦੀ ਕਾਵਿ-ਸੁਰ ਹੈ :

(A) ਮਲਾਮਤੀ ਸੰਪ੍ਰਦਾਇ ਤੋਂ ਦੂਰ ਜਾਣ ਵਾਲੀ

(B) ਆਤਮਾ ਪਰਮਾਤਮਾ ਦੇ ਮਿਲਾਪ ਨੂੰ ਉੱਚੀ ਸੁਰ ਵਿਚ ਪ੍ਰਗਟ ਕਰਨ ਵਾਲੀ

(C) ਸ਼ੋਖ਼ੀ ਤੇ ਮਹਿਬੂਬ ਨਾਲ ਖੁੱਲ੍ਹ ਲੈਣ ਵਾਲੀ

(D) ਨਿਮਰਤਾ, ਹਲੀਮੀ ਅਤੇ ਧੀਮੇ ਅੰਦਾਜ਼ ਵਾਲੀ

**23.** ਸੁਲਤਾਨ ਬਾਹੂ ਦਾ ਨਿਵੇਕਲਾਪਣ ਹੈ :

(A) ਸ਼ਬਦ, ਸ਼ਲੋਕ ਅਤੇ ਕਾਫ਼ੀਆਂ ਦੀ ਰਚਨਾ

(B) ਭਾਵ ਤੇ ਰੂਪਾਕਾਰ ਦਾ ਸੁੰਦਰ ਸੁਮੇਲ

(C) ਅੰਤਰਮੁਖੀ ਅਤੇ ਬਾਹਰਮੁਖੀ ਸਾਧਨਾ

(D) ਸ਼ਰੀਅਤ ਦੀ ਕੱਟੜਤਾ ਸਹਿਤ ਪਾਲਣਾ

24. (A) **ਕਥਨ :** ਭਾਈ ਗੁਰਦਾਸ ਦੀ ਵਾਣੀ ਸਿੱਖ ਗੁਰੂ ਸਾਹਿਬਾਨ ਦੇ ਸਮਕਾਲ ਵਿਚ ਹੀ ਰਚੀ ਗਈ ਸੀ ਪਰ ਇਸਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕੀਤਾ ਗਿਆ ।

(R) **ਕਾਰਨ :** ਇਸਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਦਰਜਾ ਮਿਲਿਆ ਕਿਉਂ ਜੋ ਇਹ ਗੁਰਬਾਣੀ ਦੇ ਅਨੇਕਾਂ ਡੂੰਘੇ ਰਹੱਸਾਂ ਦੀ ਵਿਆਖਿਆ ਕਰਦੀ ਹੈ ।

(A) (A) ਸਹੀ ਹੈ ਤੇ (R) ਗਲਤ ਹੈ
(B) (A) ਸਹੀ ਹੈ ਤੇ (R) ਅੰਸ਼ਿਕ ਸਹੀ ਹੈ
(C) (A) ਤੇ (R) ਦੋਵੇਂ ਸਹੀ ਹਨ
(D) (A) ਤੇ (R) ਦੋਵੇਂ ਗਲਤ ਹਨ

25. ਗੁਰੂ ਗ੍ਰੰਥ ਸਾਹਿਬ ਦੀ ਕਿਹੜੀ ਬਾਣੀ ਰਾਗ ਵਿਚ ਨਹੀਂ ਹੈ :

(A) ਰਾਗਮਾਲਾ (B) ਕੁਚੱਜੀ
(C) ਸੁਚੱਜੀ (D) ਕਰਹਲੇ

26. ਕਿਸ ਗੁਰੂ ਨੇ ਵਾਰ ਬਾਣੀ ਰੂਪ ਵਿਚ ਰਚਨਾ ਨਹੀਂ ਕੀਤੀ :

(A) ਗੁਰੂ ਰਾਮਦਾਸ ਜੀ
(B) ਗੁਰੂ ਅਮਰਦਾਸ ਜੀ
(C) ਗੁਰੂ ਅੰਗਦ ਦੇਵ ਜੀ
(D) ਗੁਰੂ ਅਰਜਨ ਦੇਵ ਜੀ

27. ਸਹੀ ਗਿਣਤੀ ਕ੍ਰਮ ਦਿਉ :

| **ਸੂਚੀ**-I | **ਸੂਚੀ**-II |
|---|---|
| a. ਗੁਰੂ ਸਾਹਿਬਾਨ | 1. 4 |
| b. ਭੱਟ ਬਾਣੀਕਾਰ | 2. 6 |
| c. ਭਗਤ ਬਾਣੀਕਾਰ | 3. 11 |
| d. ਗੁਰੂ ਘਰ ਦੇ ਸਿੱਖ | 4. 15 |

| | a | b | c | d |
|---|---|---|---|---|
| (A) | 3 | 2 | 4 | 1 |
| (B) | 2 | 3 | 4 | 1 |
| (C) | 3 | 1 | 2 | 4 |
| (D) | 1 | 3 | 4 | 2 |

28. ਜਪੁਜੀ ਦੇ ਵਿਸ਼ੇ ਨੂੰ 'ਬੌਧਿਕ ਰਹੱਸਵਾਦ' ਕਿਸਨੇ ਕਿਹਾ :

(A) ਗੁਰਵਚਨ ਸਿੰਘ ਤਾਲਿਬ
(B) ਸੰਤ ਸਿੰਘ ਸੇਖੋਂ
(C) ਕਿਸ਼ਨ ਸਿੰਘ
(D) ਤਾਰਨ ਸਿੰਘ

29. ਕਿਹੜਾ ਕ੍ਰਮ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਆਸਾ ਦੀ ਵਾਰ | 1. ਰਾਇ ਮਹਿਮੇ ਹਸਨੇ ਦੀ ਧੁਨਿ |
| b. ਵਡਹੰਸ ਦੀ ਵਾਰ | 2. ਜੋਧੈ ਵੀਰੈ ਪੂਰਵਾਣੀ ਕੀ ਧੁਨਿ |
| c. ਰਾਮਕਲੀ ਦੀ ਵਾਰ | 3. ਟੁੰਡੇ ਅਸਰਾਜੈ ਕੀ ਧੁਨਿ |
| d. ਸਾਰੰਗ ਦੀ ਵਾਰ | 4. ਲਲਾ ਬਹਲੀਮਾ ਕੀ ਧੁਨਿ |

| | a | b | c | d |
|---|---|---|---|---|
| (A) | 3 | 4 | 2 | 1 |
| (B) | 3 | 2 | 4 | 1 |
| (C) | 3 | 1 | 2 | 4 |
| (D) | 1 | 2 | 3 | 4 |

30. ਵਾਰ ਦਾ ਪ੍ਰਕਾਰਜ ਹੈ :

(A) ਉਦਾਂਤ ਅਵਸਥਾ ਵਿਚ ਲਿਜਾਣਾ
(B) ਉਤਸਾਹਿਤ ਕਰਨਾ
(C) ਉਦਾਸੀਨ ਕਰਨਾ
(D) ਮਾਨਵਤਾ ਦੀ ਉਸਾਰੀ ਕਰਨਾ

31. ਗੁਰਵਾਣੀ ਅਧਿਐਨ ਲਈ ਨਵੀਂ ਤਕਨਾਲੋਜੀ ਦੀ ਵਰਤੋਂ ਕਿਸਨੇ ਕੀਤੀ :

(A) ਗੁਰਪ੍ਰੀਤ ਲਹਿਲ ਤੇ ਕਿਰਪਾਲ ਸਿੰਘ ਪੰਨੂ
(B) ਜਨਮੇਜਾ ਜੌਹਲ ਤੇ ਬਲਜਿੰਦਰ ਸਿੰਘ
(C) ਕਿਰਪਾਲ ਸਿੰਘ ਪੰਨੂ ਤੇ ਜਨਮੇਜਾ ਜੌਹਲ
(D) ਕੇ.ਐਸ.ਥਿੰਦ ਤੇ ਬਲਜਿੰਦਰ ਸਿੰਘ

32. ਕਿਸ ਵਿਦਵਾਨ ਨੇ ਸਿੱਖ ਧਰਮ ਵਿਚ ਰੂਪਾਂਤਰਨ ਨੂੰ ਆਧਾਰ ਬਣਾਕੇ ਖੋਜ/ਅਧਿਐਨ ਕੀਤਾ :
(A) ਹਿਮਾਦਰੀ ਬੈਨਰਜੀ
(B) ਮਨਮੋਹਨ ਸਹਿਗਲ
(C) ਗੋਕਲ ਚੰਦ ਨਾਰੰਗ
(D) ਇੰਦੂ ਭੂਸਣ ਬੈਨਰਜੀ

33. ਪੰਜਾਬੀ ਵਿਚ ਸ਼ੀਰੀ ਫ਼ਰਹਾਦ ਦੇ ਕਿੱਸੇ ਦਾ ਸ੍ਰੋਤ ਹੈ :
(A) ਅਰਬ ਦੀਆਂ ਕਹਾਣੀਆਂ
(B) ਫ਼ਾਰਸੀ ਕਾਵਿ
(C) ਸੂਫ਼ੀ ਕਾਵਿ
(D) ਕੁਰਾਨ ਸ਼ਰੀਫ਼

34. ਪੰਜਾਬੀ ਕਿੱਸਾ ਕਾਵਿ ਦੀ ਉਤਪੱਤੀ ਦਾ ਕਾਰਨ ਹੈ :
(A) ਹਿੰਦੂ ਰਹਿਤਲ ਤੇ ਮੁਸਲਮਾਨੀ ਰਹਿਤਲ ਦਾ ਆਦਾਨ-ਪ੍ਰਦਾਨ
(B) ਆਰਥਿਕ ਰਾਜਨੀਤਕ ਪਰਿਪੇਖ
(C) ਹਿੰਦੂ ਤੇ ਮੁਸਲਮਾਨੀ ਰਹਿਤਲਾਂ ਦੀ ਟੱਕਰ
(D) ਰਾਜਨੀਤਕ ਪਰਿਸਥਿਤੀਆਂ ਦਾ ਯੋਗਦਾਨ

35. ਪੰਜਾਬੀ ਵਿਚ ਕਿੱਸਾ ਯੂਸਫ-ਸੁਲੈਖਾਂ ਦਾ ਸਭ ਤੋਂ ਪਹਿਲਾ ਲੇਖਕ ਹੈ :
(A) ਦਮੋਦਰ
(B) ਹਾਸ਼ਮ
(C) ਅਹਿਮਦ ਯਾਰ
(D) ਹਾਫ਼ਿਜ਼ ਬਰਖ਼ੁਰਦਾਰ

36. ਪੰਜਾਬੀ ਵਿਚ ਕਿਸ ਕਿੱਸਾਕਾਰ ਨੇ ਪ੍ਰੀਤ ਕਥਾ ਦਾ ਅੰਤ ਸੁਖਾਂਤ ਵਿਚ ਕੀਤਾ ਹੈ :
(A) ਬਾਰਿਸ਼ ਸ਼ਹ (B) ਮੁਕਵਲ
(C) ਅਹਿਮਦਯਾਰ (D) ਫ਼ਜ਼ਲਸ਼ਾਹ

37. 'ਚੰਡੀ ਦੀ ਵਾਰ' ਦੇ ਵਿਰਤਾਂਤ ਵਿਚ ਹੈ :
(A) ਪੌਰਾਣਿਕ ਦੇਵੀ ਦੇਵਤਿਆਂ ਦਾ ਕਥਾ ਵਰਣਨ
(B) ਪੁਰਾਣ ਕਥਾ ਦਾ ਨਾਟਕੀ ਰੂਪਾਂਤਰਣ
(C) ਦੁਰਗਾ ਸਪਤਸ਼ਤੀ ਦਾ ਪੰਜਾਬੀ ਰੂਪ
(D) ਪੁਰਾਣ ਕਥਾ ਦੀ ਪੁਨਰ-ਵਿਆਖਿਆ

38. "ਦੋਹੀਂ ਦਲੀ ਮੁਕਾਬਲੇ, ਰਣ ਸੂਰੇ ਗੜ੍ਹਕਣ ।
ਚੜ੍ਹ ਤੋਪਾਂ ਗੱਡੀ ਢੁੱਕੀਆਂ, ਲਖ ਸੰਗਲ ਖੜਕਣ ।"
ਕਾਵਿ ਪੰਕਤੀਆਂ ਕਿਸ ਵਾਰ ਦੀਆਂ ਹਨ :
(A) ਚੰਡੀ ਦੀ ਵਾਰ
(B) ਨਾਦਰਸ਼ਹ ਦੀ ਵਾਰ
(C) ਚੱਠਿਆਂ ਦੀ ਵਾਰ
(D) ਲਵ ਕੁਸ਼ ਦੀ ਵਾਰ

39. ਪੰਜਾਬੀ ਵਿਚ ਮੱਧਕਾਲੀ ਤੇ ਆਧੁਨਿਕ ਵਾਰ ਦੇ ਅੰਤਰ ਦਾ ਆਧਾਰ ਹੈ :
(A) ਮਹਾਨ ਨਾਇਕ
(B) ਸਧਾਰਨ ਨਾਇਕ
(C) ਪਰਮ ਮਨੁੱਖ
(D) ਲੋਕ ਨਾਇਕ

40. ਵਾਰ ਦੇ ਲੱਛਣ ਹਨ :
(A) ਨਾਇਕ ਦੀ ਸ਼ਹੀਦੀ ਤੇ ਦੁਖਾਂਤ
(B) ਨਾਇਕ ਦੀ ਹਾਰ ਤੇ ਉਸਤਤ
(C) ਨਾਇਕ ਦੀ ਸ਼ਹੀਦੀ ਤੇ ਵਿਰਲਾਪ
(D) ਨਾਇਕ ਦੀ ਜਿੱਤ ਤੇ ਸ਼ਲਾਘਾ

41. 'ਮੁੱਢਲੀ ਪੰਜਾਬੀ ਵਾਰਤਕ' ਪੁਸਤਕ ਦਾ ਲੇਖਕ ਹੈ :
(A) ਭਾਈ ਵੀਰ ਸਿੰਘ
(B) ਤਾਰਨ ਸਿੰਘ
(C) ਸਾਹਿਬ ਸਿੰਘ
(D) ਉਪਰੋਕਤ ਵਿਚੋਂ ਕੋਈ ਵੀ ਨਹੀਂ

42. ਹਰਿਭਜਨ ਸਿੰਘ ਅਨੁਸਾਰ ਜਨਮ ਸਾਖੀ ਵਿਚ ਪੇਸ਼ ਗੁਰੂ ਨਾਨਕ-ਬਿੰਬ ਦਾ ਮੁੱਖ ਗੁਣ ਹੈ :
(A) ਦਿਆਲੂ ਤੇ ਕਲਿਆਣ ਕਾਰੀ
(B) ਦਿੱਗ ਵਿਜੇਈ ਤੇ ਸਰਬ ਵਿਜੈਈ
(C) ਸਰਬ ਗਿਆਤਾ ਤੇ ਸਰਬ ਹਿਤੈਸ਼ੀ
(D) ਸੁਧਾਰਕ ਤੇ ਮਾਨਵਵਾਦੀ

43. ਆਧੁਨਿਕ ਪੰਜਾਬੀ ਵਾਰਤਕ ਦਾ ਮੁੱਖ ਗੁਣ ਹੈ :
(A) ਵਿਵੇਕ ਤੇ ਵਿਹਾਰ
(B) ਵਿਵੇਕ ਤੇ ਤਰਕ
(C) ਵਿਵੇਕ ਤੇ ਵਿਗਿਆਨ
(D) ਵਿਵੇਕ ਤੇ ਰੁਮਾਸ

44. ਪ੍ਰੋ: ਪੂਰਨ ਸਿੰਘ ਸਾਹਿਤ ਸਿਰਜਣਾ ਬਾਰੇ ਨਿਬੰਧ ਕਿਸ ਦ੍ਰਿਸ਼ਟੀ ਨਾਲ ਸੰਬੰਧਤ ਹਨ :
(A) ਰੁਮਾਂਟਿਕ
(B) ਅਧਿਆਤਮਕ
(C) ਪੂਰਬਬਾਦੀ ਚਿੰਤਨ
(D) ਦਾਰਸ਼ਨਿਕ

45. **(A) ਕਥਨ :** ਮੱਧਕਾਲੀ ਪੰਜਾਬੀ ਵਾਰਤਕ ਦੇ ਵਿਭਿੰਨ ਰੂਪਾਕਾਰ ਸਿੱਧੇ ਜਾਂ ਅਸਿਧੇ ਰੂਪ ਵਿਚ ਗੁਰਮਤਿ ਕਾਵਿ ਦੀ ਵਿਆਖਿਆ ਜਾਂ ਸਿਧਾਂਤਕਾਰੀ ਨਾਲ ਸੰਬੰਧਿਤ ਹਨ । ਇਸੇ ਕਰਕੇ ਇਹਨਾਂ ਦਾ ਮੁੱਖ ਪ੍ਰਯੋਜਨ ਭਾਰਤੀ ਗਿਆਨ ਸ਼ਾਸਤਰੀ ਪਰੰਪਰਾ ਅਨੁਸਾਰ ਗਿਆਨ ਮੁਖੀ ਸਾਹਿਤ ਦੀ ਸਿਰਜਨਾ ਕਰਨਾ ਹੈ ।

**(R) ਕਾਰਨ :** ਇਸ ਨਜ਼ਰੀਏ ਤੋਂ ਅਸੀ ਆਧੁਨਿਕ ਪੰਜਾਬੀ ਵਾਰਤਕ ਨੂੰ ਮੱਧਕਾਲੀ ਪੰਜਾਬੀ ਵਾਰਤਕ ਦਾ ਅਗਲੇਰਾ ਪੜਾਅ ਮੰਨ ਸਕਦੇ ਹਾ ।
(A) (A) ਸਹੀ ਹੈ, (R) ਗਲਤ ਹੈ
(B) (A) ਅਤੇ (R) ਦੋਵੇਂ ਸਹੀ ਹਨ
(C) (A) ਆਂਸ਼ਿਕ ਸਹੀ (R) ਆਂਸ਼ਿਕ ਗਲਤ ਹੈ
(D) (A) ਗਲਤ ਹੈ (R) ਆਂਸ਼ਿਕ ਸਹੀ ਹੈ

46. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪਿਆਰ ਸਿਧਾਂਤ ਦਾ ਸ੍ਰੋਤ ਹੈ :
(A) ਅਫ਼ਲਾਤੂਨੀ ਪਿਆਰ ਦਾ ਫ਼ਲਸਫ਼ਾ
(B) ਰੋਮਾਂਚਿਕ ਪਿਆਰ ਦਾ ਫ਼ਲਸਫ਼ਾ
(C) ਰੂਹਾਨੀ ਪਿਆਰ ਦਾ ਫ਼ਲਸਫ਼ਾ
(D) ਪਛਾਣਮੁਖੀ ਪਿਆਰ ਦਾ ਫ਼ਲਸਫ਼ਾ

47. ਕਿਹੜਾ ਜੁੱਟ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਬਲਰਾਜ ਸਾਹਨੀ | 1. ਮੇਰਾ ਵਲਾਇਤੀ ਸਫ਼ਰਨਾਨਾ |
| b. ਵਰਿਆਮ ਸੰਧੂ | 2. ਮੇਰਾ ਪਾਕਿਸਤਾਨੀ ਸਫ਼ਰਨਾਮਾ |
| c. ਲਾਲ ਸਿੰਘ ਕਮਲਾ ਅਕਾਲੀ | 3. ਮੇਰੀ ਰੂਸ ਯਾਤਰਾ |
| d. ਸੋਹਨ ਸਿੰਘ ਜੋਸ਼ | 4. ਪਰਦੇਸੀ ਪੰਜਾਬ |

| | a | b | c | d |
|---|---|---|---|---|
| (A) | 2 | 3 | 1 | 4 |
| (B) | 3 | 1 | 2 | 4 |
| (C) | 2 | 4 | 1 | 3 |
| (D) | 4 | 2 | 1 | 3 |

48. ਲਾਲਾ ਬਾਂਕੇ ਦਿਆਲ ਦਾ ਗੀਤ 'ਪਗੜੀ ਸੰਭਾਲ ਜੱਟਾ' ਸੰਬੰਧਤ ਸੀ :
(A) ਗ਼ਦਰ ਲਹਿਰ ਨਾਲ
(B) ਕਿਰਤੀ ਲਹਿਰ ਨਾਲ
(C) ਮੁਜ਼ਾਹਰਾ ਲਹਿਰ ਨਾਲ
(D) ਸਿੰਘ ਸਭਾ ਲਹਿਰ ਨਾਲ

**49.** ਭਾਈ ਵੀਰ ਸਿੰਘ ਦੀ ਰਚਨਾਤਮਕਤਾ ਦਾ ਆਧਾਰ ਹੈ :

(A) ਪੂਰਵੀ ਗਿਆਨ, ਕਲਾ, ਰਾਜਸੀ ਚੇਤਨਾ

(B) ਪੱਛਮੀ ਜਾਗਰਤੀ, ਕੌਮੀ ਚੇਤਨਾ, ਆਦਰਸ਼

(C) ਸਿੱਖ ਸੰਪਰਦਾਇਕਤਾ, ਆਧੁਨਿਕ ਚੇਤਨਾ, ਸਮਾਜਿਕ ਪ੍ਰਤੀਬੱਧਤਾ

(D) ਸਭਿਆਚਾਰਕ, ਚੇਤਨਾ, ਸੰਪਰਦਾਇਕ ਰੁਚੀ, ਆਧੁਨਿਕਤਾ

**50.** ਮੋਹਨ ਸਿੰਘ ਕਾਵਿ ਦੀਆਂ ਮੁੱਖ ਥੀਮਿਕ ਇਕਾਈਆਂ ਹਨ :

(A) ਹੁਸਨ, ਇਸ਼ਕ, ਕਾਫ਼ਰ, ਟਿਕਾਉ

(B) ਅਧਵਾਟੇ, ਲੋਹਾ, ਔਰਤ, ਪਿਆਲਾ

(C) ਰੱਬ, ਸੋਨਾ, ਔਰਤ, ਸ਼ਰਾਬ

(D) ਤ੍ਰੈ-ਅੱਗਾ, ਇਸ਼ਕ, ਸੋਨਾ, ਸ਼ਰਾਬ

**51.** 'ਕਿਕਰਾ ਵੇ ਕੰਡਿਆਲਿਆ, ਉਤੋਂ ਚੜ੍ਹਿਆ ਪੋਹ ।
ਹੱਕ ਜਿਨ੍ਹਾਂ ਦੇ ਆਪਣੇ, ਆਪੇ ਲੈਣਗੇ ਖੋਹ ।'
ਉਪਰੋਕਤ ਕਾਵਿ ਸਤਰਾਂ ਅੰਮ੍ਰਿਤਾ-ਪ੍ਰੀਤਮ ਦੇ ਕਿਸ ਕਾਵਿ-ਰੂਪ ਨਾਲ ਸੰਬੰਧਿਤ ਹਨ :

(A) ਨਾਟਕੀ ਕਾਵਿ

(B) ਗੀਤ

(C) ਬਾਰਹਮਾਹ

(D) ਨਜ਼ਮ

**52.** ਜਗਤਾਰ ਦੀ ਪੁਸਤਕ 'ਚਨੁਕਰੀ ਸ਼ਾਮ' ਵਿਚ ਦਰਜ ਹਨ :

(A) ਗ਼ਜ਼ਲਾਂ, ਗੀਤ ਤੇ ਕਵਿਤਾਵਾਂ

(B) ਨਿਰੋਲ ਗ਼ਜ਼ਲਾਂ

(C) ਨਿਰੋਲ ਕਵਿਤਾਵਾਂ

(D) ਗ਼ਜ਼ਲਾਂ ਤੇ ਕਵਿਤਾਵਾਂ

**53.** ਹਰਿਭਜਨ ਸਿੰਘ ਦੀ ਕਾਵਿ-ਰਚਨਾ 'ਰੁੱਖ ਤੇ ਰਿਸ਼ੀ' ਵਿਚ ਆਏ ਸ਼ਬਦ ਓਮੀ ਦਾ ਭਾਵ ਹੈ :

(A) ਬੁੱਧੀ ਜੀਵੀ

(B) ਪੜ੍ਹਿਆ ਲਿਖਿਆ ਵਿਦਵਾਨ

(C) ਬਿਹਾਰਕੀ ਸੂਝਵਾਨ

(D) ਸਾਧ

**54.** ਕਿਹੜਾ ਕ੍ਰਮ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਪ੍ਰਗਤੀਸ਼ੀਲ ਕਾਵਿਧਾਰਾ | 1. ਬਾਬਾ ਬਲਵੰਤ |
| b. ਪ੍ਰਗਤੀਵਾਦੀ ਕਾਵਿਧਾਰਾ | 2. ਅਮ੍ਰਿਤਾ-ਪ੍ਰੀਤਮ |
| c. ਪ੍ਰਯੋਗਵਾਦੀ ਕਾਵਿਧਾਰਾ | 3. ਦਰਸ਼ਨ ਖਟਕੜ |
| d. ਜੁਝਾਰਵਾਦੀ ਕਾਵਿਧਾਰਾ | 4. ਅਜਾਇਬ ਕਮਲ |

| | a | b | c | d |
|---|---|---|---|---|
| (A) | 2 | 3 | 4 | 1 |
| (B) | 3 | 2 | 4 | 1 |
| (C) | 1 | 2 | 3 | 4 |
| (D) | 2 | 1 | 4 | 3 |

**55.** **(A) ਕਥਨ :** ਨਾਵਲ ਵਿਚ ਨਿੱਕੀ ਕਹਾਣੀ ਦਾ ਹੀ ਵਿਸਤ੍ਰਿਤ ਬਿਰਤਾਂਤਕ ਪਾਸਾਰ ਹੁੰਦਾ ਹੈ, ਜੋ ਮਨੁੱਖ ਦੇ ਸੁਪਨੇ ਤੇ ਪਰਿਸਥਿਤੀ ਦੇ ਤਣਾਉ ਨੂੰ ਚਿਤਰਦਾ ਹੈ ।

**(R) ਕਾਰਨ :** ਨਾਵਲ ਨੂੰ ਮਹਾਕਾਵਿ ਦਾ ਹੀ ਆਧੁਨਿਕ ਰੂਪ ਮੰਨਿਆ ਜਾਂਦਾ ਹੈ ।

(A) (A) ਗਲਤ ਹੈ (R) ਸਹੀ ਹੈ

(B) (A) ਸਹੀ ਹੈ (R) ਗਲਤ ਹੈ

(C) (A) ਤੇ (R) ਦੋਵੇਂ ਸਹੀ ਹਨ

(D) (A) ਤੇ (R) ਦੋਵੇਂ ਗਲਤ ਹਨ

56. ਪੰਜਾਬੀ ਗਲਪ ਸਿਰਜਣਾ ਦਾ ਮੁੱਢ ਵੱਝਦਾ ਹੈ :

(A) ਅੰਗਰੇਜ਼ਾਂ ਦੇ ਪੰਜਾਬ ਉਪਰ ਕਾਬਜ਼ ਹੋਣ ਨਾਲ

(B) ਯੂਰਪੀ ਸਾਹਿਤ ਰੂਪਾਂ ਦੇ ਪੰਜਾਬ ਵਿਚ ਪ੍ਰਚਲਤ ਹੋਣ ਨਾਲ

(C) ਸਮਾਜ ਸੁਧਾਰਿਕ ਲਹਿਰਾਂ ਦੇ ਪ੍ਰਚਲਤ ਹੋਣ ਨਾਲ

(D) ਨਵ-ਜਾਗਰਤੀ ਕਾਲ ਵਿਚ ਲੋਕ ਵਿਰਤਾਂਤ ਦੇ ਰੂਪਾਂਤਰਨ ਨਾਲ

57. ਨਾਨਕ ਸਿੰਘ ਦੇ ਨਾਵਲਾਂ ਵਿਚ ਪ੍ਰਮੁੱਖ ਵਿਰਤਾਂਤਕ ਜੁਗਤ ਹੈ :

(A) ਸਮਾਜਕ ਯਥਾਰਥ ਦੀ ਵਿਕਰਾਲਤਾ ਤੋਂ ਪਾਰ ਜਾਣ ਦਾ ਜਤਨ

(B) ਆਦਰਸ਼ਕ ਵਿਅਕਤੀਆਂ ਦੇ ਕਿਰਦਾਰ ਦੀ ਸਿਰਜਣਾ

(C) ਸਮਾਜਕ ਜਥਾਰਥ ਦਾ ਚਿਤਰਨ

(D) ਸਮਾਜਿਕ ਤਬਦੀਲੀ ਦਾ ਬਿੰਬ ਨਿਰਮਾਣ

58. ਪੇਂਡੂ ਭਾਈਚਾਰੇ ਵਿਚ ਵਿਆਪੇ ਭਾਵਾਤਮਕ ਅਤੇ ਪਦਾਰਥਕ ਸੰਕਟਾਂ ਦੇ ਸਿਰਜਣ ਤੇ ਨਿਵਾਰਨ ਦਾ ਵਿਰਤਾਂਤ ਕਿਸਦੇ ਨਾਵਲਾਂ ਵਿਚ ਮਿਲਦਾ ਹੈ :

(A) ਸੋਹਣ ਸਿੰਘ ਸੀਤਲ

(B) ਰਾਮ ਸਰੂਪ ਅਣਖੀ

(C) ਜਸਵੰਤ ਸਿੰਘ ਕੰਵਲ

(D) ਕਰਮਜੀਤ ਸਿੰਘ ਕੁੱਸਾ

59. ਪਰਵਾਸ, ਪੱਛਮੀ ਸਮਾਜਕਤਾ ਅਤੇ ਪੰਜਾਬੀ ਪਛਾਣ ਦੀ ਟੁੱਟ ਭੱਜ ਦੇ ਜਟਿਲ ਬਿਰਤਾਂਤ ਦੀ ਸਿਰਜਣਾ ਕਿਸ ਨਾਵਲਕਾਰ ਦੀ ਵਿਸ਼ੇਸ਼ਤਾ ਹੈ :

(A) ਹਰਜੀਤ ਅਟਵਾਲ

(B) ਦਰਸ਼ਨ ਸਿੰਘ ਧੀਰ

(C) ਸਵਰਨ ਚੰਦਨ

(D) ਨਕਸ਼ਦੀਪ ਪੰਜਕੋਹਾ

60. ਦੇਸ਼-ਵੰਡ ਨਾਲ ਸੰਬੰਧਤ ਕਹਾਣੀਆਂ ਦਾ ਮੁੱਖ ਸੰਦਰਭ ਹੈ :

(A) ਵਿਸ਼ੇਸ਼ ਸਮੇਂ ਦੇ ਜਥਾਰਥ ਦੀ ਪੇਸ਼ਕਾਰੀ

(B) ਸਮੂਹਿਕ ਸਦਮਿਆਂ ਦੀ ਮਨੁੱਖੀ ਬਰਬਰਤਾ

(C) ਪੰਜਾਬੀ ਸਮਾਜਿਕ ਇਤਿਹਾਸ ਦਾ ਬਿਰਤਾਂਤ

(D) ਦੇਸ਼ ਵੰਡ ਦੇ ਦਰਦ ਦਾ ਚਿਤਰਨ

61. ਮਨੁੱਖ ਦੇ ਸਮਾਜਿਕ ਅਤੇ ਕਾਮਨਾਮੂਲਕ ਦਵੰਦਾਂ ਤੇ ਸਰੋਕਾਰਾਂ ਦੀ ਪੇਸ਼ਕਾਰੀ ਕਿਸ ਕਹਾਣੀਕਾਰ ਦੀ ਪ੍ਰਮੁੱਖ ਰਚਨਾਤਮਕ ਜੁਗਤ ਹੈ :

(A) ਕਰਤਾਰ ਸਿੰਘ ਦੁੱਗਲ

(B) ਕੁਲਵੰਤ ਸਿੰਘ ਵਿਰਕ

(C) ਪ੍ਰੇਮ ਪ੍ਰਕਾਸ਼

(D) ਸੁਖ ਜੀਤ

62. ਅਜੀਤ ਕੌਰ ਦੀਆਂ ਕਹਾਣੀਆਂ ਵਿਚ ਪੇਸ਼ ਔਰਤਮੁੱਖੀ ਪਛਾਣ ਦੀ ਸਥਾਪਨਾ ਦਾ ਪ੍ਰਮੁਖ ਆਧਾਰ ਹੈ :

(A) ਔਰਤ ਮਰਦ ਦਾ ਲਿੰਗਕ ਭੇਦ

(B) ਮਨੁੱਖੀ ਰਿਸ਼ਤਿਆਂ ਦੀ ਨਵੀਂ ਵਿਆਕਰਨ ਦੀ ਨਿਰਮਾਣਕਾਰੀ

(C) ਔਰਤ ਦੀ ਕਾਮਨਾਮਈ ਆਜ਼ਾਦੀ ਦੀ ਤਾਂਘ

(D) ਮਰਦ ਦੀ ਨਾਕਾਰਾਤਮਕ ਪੇਸ਼ਕਾਰੀ

63. ਪੰਜਾਬੀ ਨਾਟਕ ਦੇ ਜਨਮ ਤੇ ਵਿਕਾਸ ਵਿਚ ਮੁੱਖ ਯੋਗਦਾਨ ਸੀ :

(A) ਹਰਚਰਨ ਸਿੰਘ ਤੇ ਗੁਰਦਿਆਲ ਸਿੰਘ ਖੋਸਲਾ

(B) ਕਪੂਰ ਸਿੰਘ ਘੁੱਮਣ ਤੇ ਗੁਰਚਰਨ ਸਿੰਘ ਜਸੂਜਾ

(C) ਨੋਰਾ ਰਿਚਰਡਜ਼ ਤੇ ਆਈ.ਸੀ. ਨੰਦਾ

(D) ਬਲਵੰਤ ਗਾਰਗੀ ਤੇ ਸੁਰਜੀਤ ਸਿੰਘ ਸੇਠੀ

64. ਮੁੱਢਲੇ ਪੰਜਾਬੀ ਨਾਟਕ ਦੇ ਮੁੱਖ ਸਰੋਕਾਰ ਸਨ :

(A) ਅਣਜੋੜ ਵਿਆਹ, ਵਿਧਵਾ ਵਿਆਹ, ਵਹਿਮ ਭਰਮ

(B) ਦਾਜ, ਅਣਪੜ੍ਹਤਾ, ਗਰੀਬੀ

(C) ਇਤਿਹਾਸ, ਸਮਾਜ, ਸਭਿਆਚਾਰ

(D) ਔਰਤ ਦੀ ਸਥਿਤੀ, ਸਭਿਆਚਾਰਕ ਕੀਮਤਾਂ, ਰੁਮਾਂਸ

65. ਕਿਹੜਾ ਜੁੱਟ ਸਹੀ ਹੈ :

| **ਸੂਚੀ**-I | **ਸੂਚੀ**-II |
|---|---|
| a. ਸੰਤ ਸਿੰਘ ਸੇਖੋਂ | 1. ਰੱਤਾ ਸਾਲੂ |
| b. ਸੁਰਜੀਤ ਸਿੰਘ ਸੇਠੀ | 2. ਲੋਹਾ ਕੁੱਟ |
| c. ਹਰਚਰਨ ਸਿੰਘ | 3. ਮੋਇਆਂ ਸਾਰ ਨ ਕਾਈ |
| d. ਬਲਵੰਤ ਗਾਰਗੀ | 4. ਕਿੰਗ, ਮਿਰਜ਼ਾ ਤੇ ਸਪੇਰ |

| | a | b | c | d |
|---|---|---|---|---|
| (A) | 3 | 2 | 1 | 4 |
| (B) | 3 | 4 | 1 | 2 |
| (C) | 3 | 2 | 4 | 1 |
| (D) | 3 | 1 | 2 | 3 |

66. **(A) ਕਥਨ :** ਨਾਟਕ ਨੂੰ ਸੰਯੁਕਤ ਜਾਂ ਮਿਸ਼ਰਿਤ ਰੂਪ ਕਹਿੰਦੇ ਹਨ ਕਿਉਂਕਿ ਇਸ ਵਿਚ ਕਹਾਣੀ ਤੇ ਵਾਰਤਾਲਾਪ ਦਾ ਸੰਗਮ ਹੁੰਦਾ ਹੈ ।

**(R) ਕਾਰਨ :** ਨਾਟਕ ਵਿਚ ਵਾਰਤਾਲਾਪ, ਅਦਾਕਾਰੀ, ਰੌਸ਼ਨੀ, ਰੰਗਮੰਚ, ਵੇਸ ਭੂਸ਼ਾ, ਸੰਗੀਤ ਤੇ ਕਈ ਹੋਰ ਸਾਧਨਾਂ ਦੀ ਲੋੜ ਹੁੰਦੀ ਹੈ ।

(A) (A) ਆਸ਼ਿਕ ਸਹੀ ਹੈ ਤੇ (R) ਪੂਰਨ ਸਹੀ ਹੈ ।

(B) (A) ਅਤੇ (R) ਦੋਵੇ ਸਹੀ ਹਨ ।

(C) (A) ਆਸ਼ਿਕ ਗਲਤ ਤੇ (R) ਪੂਰਨ ਸਹੀ ਹੈ ।

(D) (A) ਤੇ (R) ਦੋਵੇਂ ਗਲਤ ਹਨ ।

67. ਪੰਜਾਬੀ ਨਾਟਕ ਸੰਬੰਧੀ ਖੋਜ ਦੀ ਸੀਮਾ ਹੈ :

(A) ਕਲਾਤਮਕ ਉੱਚਤਾ ਵਾਲੇ ਨਾਟਕੀ ਪਾਠਾਂ ਦੀ ਘਾਟ

(B) ਅਨੁਵਾਦਿਤ ਅਤੇ ਰੂਪਾਂਤ੍ਰਿਤ ਨਾਟਕਾਂ ਦੀ ਰਵਾਇਤ

(C) ਭਾਰਤੀ ਨਾਟ-ਸ਼ਾਸਤਰੀ ਚਿੰਤਨ ਦੀ ਵਰਤੋਂ ਤੋਂ ਗੁਰੇਜ਼

(D) ਸੰਜੀਦਾ ਖੋਜਾਰਥੀਆਂ ਦੀ ਕਮੀ

68. 'ਅੱਖਰਾਂ ਦੇ ਅੱਖਰ ਮੇਰੇ ਨਿੱਕੇ ਨਿੱਕੇ ਹੱਥਾਂ ਵਿਚੋਂ ਡਿਗ ਡਿਗ ਪੈਂਦੇ' ਵਿਚ ਕਵੀ ਦਾ ਕਾਵਿ-ਸਿਧਾਂਤ ਹੈ :

(A) ਕਵਿਤਾ ਦੀ ਰਚਨਾ ਅਚੇਤ ਪ੍ਰਕਿਰਿਆ ਹੈ

(B) ਕਵਿਤਾ ਦੀ ਰਚਨਾ ਸੁਚੇਤ ਪ੍ਰਕਿਰਿਆ ਹੈ

(C) ਅਚੇਤ ਅਤੇ ਸੁਚੇਤ ਦੇ ਸੰਜੋਗ ਵਿਚੋਂ ਕਵਿਤਾ ਉਪਜਦੀ ਹੈ ।

(D) ਇਨ੍ਹਾਂ ਵਿਚੋਂ ਕੋਈ ਵੀ ਨਹੀਂ

69. **(A) ਕਥਨ :** ਆਧੁਨਿਕ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦ ਨੂੰ ਮਾਰਕਸਵਾਦੀ ਚਿੰਤਨ ਦਾ ਹੀ ਦੂਜਾ ਨਾਂ ਮੰਨਿਆ ਜਾਂਦਾ ਹੈ, ਜਿਸ ਵਿਚ ਰੋਮਾਂਟਿਕ ਲਹਿਰ ਦਾ ਤਿੱਖਾ ਵਿਰੋਧ ਸੀ

**(R) ਕਾਰਨ :** ਇਹ ਸਾਹਿਤਕ ਤੇ ਸਮਾਜਕ ਤਬਦੀਲੀ ਦੀ ਖੱਬੇ-ਪੱਖੀ ਲਹਿਰ ਵੀ ਸੀ ।

(A) (A) ਗਲਤ ਹੈ ਤੇ (R) ਸਹੀ ਹੈ

(B) (A) ਆਂਸ਼ਿਕ ਸਹੀ ਹੈ ਤੇ (R) ਗਲਤ

(C) (A) ਸਹੀ ਹੈ ਤੇ (R) ਆਂਸ਼ਿਕ ਗਲਤ

(D) (A) ਤੇ (R) ਦੋਵੇਂ ਸਹੀ ਹਨ

**70.** ਪੰਜਾਬੀ ਆਲੋਚਨਾ ਵਿਚ ਸੂਫ਼ੀ ਅਤੇ ਕਿੱਸਾ-ਕਾਵਿ ਦੀ ਇਨਕਲਾਬੀ ਖ਼ਾਸੀਅਤ ਨੂੰ ਪਛਾਣਨ ਦੀ ਪਹਿਲ ਕਿਸਨੇ ਕੀਤੀ :

(A) ਅਤਰ ਸਿੰਘ

(B) ਨਜਮ ਹੁਸੈਨ ਸੱਯਦ

(C) ਕਿਸ਼ਨ ਸਿੰਘ

(D) ਹਰਿਭਜਨ ਸਿੰਘ

**71.** ਪਾਠ ਆਧਾਰਿਤ ਆਲੋਚਨਾ ਦੇ ਮੁੱਖ ਚਿੰਤਕ ਹਨ :

(A) ਰੋਲਾਂ ਬਾਰਤ, ਹੈਰਲਡ ਬਲੂਮ, ਅੰਬਰਟੋ ਈਕੋ

(B) ਫੂਕੋ, ਦੈਰੀਦਾ, ਰੋਲਾਂ ਬਾਰਤ

(C) ਪ੍ਰਾਪ, ਰੋਮਨ ਜੈਕਬਸਨ, ਲਾਰਜ ਲੂਕਾਜ

(D) ਪੀਰੇ ਮਾਸ਼ੇਰੀ, ਲੂਸੀਅਨ ਗੋਲਡਮਾਨ, ਪਾਲ ਦੀ ਮਾਨ

**72.** ਡਾ. ਅਤਰ ਸਿੰਘ ਦੀ ਸਮੀਖਿਆ ਵਿਚ ਮੁੱਖ ਬਲ ਕਿਸ ਉਪਰ ਹੈ :

(A) ਰਾਜਸੀ ਧਾਰਮਿਕ ਸਰੋਕਾਰ

(B) ਅੰਤਰ-ਅਨੁਸ਼ਾਸਨੀ ਦ੍ਰਿਸ਼ਟੀਆਂ

(C) ਮਾਰਕਸਵਾਦੀਕਾਵਿ-ਸ਼ਾਸਤਰ

(D) ਸਭਿਆਚਾਰਕ ਭਾਵ-ਪ੍ਰਬੰਧ

**73.** **(A) ਕਥਨ :** ਪੰਜਾਬੀ ਆਲੋਚਨਾ ਦੇ ਸਰਗਰਮ ਖੇਤਰ ਵਿਚ ਪੱਛਮੀ ਪ੍ਰਣਾਲੀਆਂ ਦੀ ਵਰਤੋਂ ਦੀ ਉਚਿਤਤਾ ਬਾਰੇ ਕਈ ਸ਼ੰਕਾਵਾਂ ਹਨ ।

**(R) ਕਾਰਨ :** ਇਸ ਵਿਚ ਮੁੱਖ ਸ਼ੰਕਾ ਇਹ ਹੈ ਕਿ ਪੱਛਮੀ ਪ੍ਰਣਾਲੀਆਂ ਪੰਜਾਬੀ ਸਾਹਿਤ ਦੀ ਪ੍ਰਕਿਰਤੀ ਦੇ ਅਨੁਕੂਲ ਨਹੀਂ ਹਨ । ਇਹਨਾਂ ਦੇ ਗਿਆਨ ਸ਼ਾਸਤਰੀ ਆਧਾਰਾਂ ਨੂੰ ਆਪਣੀ ਸਭਿਆਚਾਰਕ ਸਾਂਝ ਨਾਲ ਜੋੜਕੇ ਉਚਿਤਤਾ ਪ੍ਰਦਾਨ ਕੀਤੀ ਜਾ ਸਕਦੀ ਹੈ ।

(A) (A) ਗਲਤ ਹੈ ਤੇ (R) ਸਹੀ ਹੈ

(B) (A) ਸਹੀ ਹੈ ਤੇ (R) ਆਂਸ਼ਿਕ ਗਲਤ

(C) (A) ਆਂਸ਼ਿਕ ਗਲਤ ਹੈ ਤੇ (R) ਸਹੀ

(D) (A) ਤੇ (R) ਸਹੀ ਹਨ

**74.** "ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ" ਵਿਚ ਕਿਹੜਾ ਅਲੰਕਾਰ ਹੈ :

(A) ਉਪਮਾ (B) ਦ੍ਰਿਸ਼ਟਾਂਤ

(C) ਰੂਪਕ (D) ਉਤਪ੍ਰੇਖਿਆ

**75.** **(A) ਕਥਨ :** ਜੀਵਨੀ ਵਧੇਰੇ ਇਤਿਹਾਸਪਰਕ ਤੇ ਮਹਾਕਾਵਿ ਦੇ ਨੇੜੇ ਦਾ ਰੂਪ ਹੈ । ਇਸ ਵਿਚ ਕੇਂਦਰੀ ਪਾਤਰ ਨੂੰ ਆਦਰਸ਼ਿਆ ਕੇ ਤੇ ਪਾਠਕ ਤੋਂ ਦੂਰੀ ਜਾਂ ਉਚਾਈ ਤੇ ਖਲ੍ਹਿਆਰ ਕੇ ਮਹਾਮਾਨਵ ਬਣਾ ਦਿੱਤਾ ਜਾਂਦਾ ਹੈ ।

**(R) ਕਾਰਨ :** ਪਰ ਕਿਸ ਜੀਵਨੀ ਵਿਚ ਲੇਖਕ ਆਪਣੇ ਨਾਇਕ ਨੂੰ ਆਲੋਚਨਾ ਤੇ ਵਿਆਂਗ ਦੀ ਜੁਗਤ ਨਾਲ ਪਾਠਕ ਦੇ ਨੇੜੇ ਲੈ ਆਉਂਦਾ ਹੈ ਉਹ ਨਾਵਲ ਰੂਪ ਦੇ ਨਜ਼ਦੀਕ ਰਹਿੰਦੀ ਹੈ ।

(A) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ

(B) (A) ਤੇ (R) ਦੋਵੇਂ ਸਹੀ ਹਨ

(C) (A) ਤੇ (R) ਦੋਵੇਂ ਗਲਤ ਹਨ

(D) (A) ਆਂਸ਼ਿਕ ਸਹੀ ਹੈ ਤੇ (R) ਸਹੀ ਹੈ

**Space For Rough Work**